Canadian HIV/AIDS Legal Network | Réseau juridique canadien VIH/sida

# HIV ਨਾਲ ਜੀਵਨ ਬਸਰ ਕਰਨਾ:ਆਪਣੇ ਅਧਿਕਾਰਾਂ ਨੂੰ ਜਾਣੋ

# ਪਰਦੇਦਾਰੀ ਅਤੇ ਸਿਹਤ ਰਿਕਾਰਡ

## ਸਵਾਲ ਅਤੇ ਜਵਾਬ

### 1. ਸਿਹਤ ਰਿਕਾਰਡ ਕੀ ਹੁੰਦੇ ਹਨ?

ਸਿਹਤ ਰਿਕਾਰਡਾਂ ਦੀ ਸਿਰਜਣਾ ਸਿਹਤ ਪੇਸ਼ੇਵਰਾਂ (ਉਦਾਹਰਨ ਲਈ ਡਾਕਟਰਾਂ, ਨਰਸਾਂ, ਦੰਦਾਂ ਦੇ ਡਾਕਟਰਾਂ, ਮਨੋ-ਚਿਕਿਤਸਕਾਂ) ਅਤੇ ਉਹਨਾਂ ਸੁਵਿਧਾਵਾਂ (ਉਦਾਹਰਨ ਲਈ ਕਲੀਨਿਕਾਂ, ਹਸਪਤਾਲਾਂ) ਦੁਆਰਾ ਕੀਤੀ ਜਾਂਦੀ ਹੈ ਜੋ ਤੁਹਾਨੂੰ ਸੰਭਾਲ ਪ੍ਰਦਾਨ ਕਰਦੇ ਹਨ। ਤੁਹਾਡੇ ਰਿਕਾਰਡਾਂ ਵਿੱਚ ਉਹ ਸਿਹਤ ਜਾਣਕਾਰੀ ਹੁੰਦੀ ਹੈ ਜੋ ਉਹਨਾਂ ਨੇ ਇਕੱਤਰ ਕੀਤੀ ਅਤੇ ਸਟੋਰ ਕੀਤੀ ਹੁੰਦੀ ਹੈ। ਇਹ ਜਾਣਕਾਰੀ ਵੰਨ-ਸੁਵੰਨੀ ਹੁੰਦੀ ਹੈ ਅਤੇ ਇਸ ਵਿੱਚ ਤੁਹਾਡੀ ਸਰੀਰਕ ਜਾਂ ਮਾਨਸਿਕ ਸਿਹਤ ਬਾਰੇ ਜਾਣਕਾਰੀ ਦੇ ਨਾਲ-ਨਾਲ, ਤੁਹਾਡੇ ਪਰਿਵਾਰ ਦੀ ਸਿਹਤ ਦੇ ਇਤਿਹਾਸ; ਤੁਹਾਡੇ ਟੈਸਟ ਨਤੀਜਿਆਂ ਦੀਆਂ ਨਕਲਾਂ, ਤਜਵੀਜ਼ਾਂ, ਡਾਕਟਰ ਦੇ ਨੋਟ-ਕਥਨ, ਜਾਂ ਐਕਸਰੇ; ਭੁਗਤਾਨਾਂ ਸਬੰਧੀ ਜਾਣਕਾਰੀ ਜਾਂ ਬੀਮਾ ਕਵਰੇਜ਼ ਵਾਸਤੇ ਯੋਗਤਾ; ਆਦਿ ਬਾਰੇ ਜਾਣਕਾਰੀ ਸ਼ਾਮਲ ਹੋ ਸਕਦੀ ਹੈ।

ਨਵੀਆਂ ਤਕਨਾਲੋਜੀਆਂ ਦੇ ਵਿਕਾਸ ਦੇ ਨਾਲ, ਤੁਹਾਡੇ ਡਾਕਟਰ ਜਾਂ ਸਿਹਤ-ਸੰਭਾਲ ਸੁਵਿਧਾਵਾਂ ਦੁਆਰਾ ਤੁਹਾਡੀ ਜਾਣਕਾਰੀ ਨੂੰ ਹੁਣ ਅਕਸਰ ਜ਼ਿਆਦਾਤਰ ਇਲੈਕਟਰਾਨਿਕ ਤਰੀਕੇ ਨਾਲ ਸਟੋਰ ਕੀਤਾ ਜਾਂਦਾ ਹੈ। ਜਾਣਕਾਰੀ ਨੂੰ ਕੇਂਦਰੀਕਿਰਤ ਸੂਬਾ-ਵਿਆਪਕ ਡੈਟਾਬੇਸਾਂ (ਕਈ ਵਾਰ ਇਹਨਾਂ ਨੂੰ "ਇਲੈਕਟਰਾਨਿਕ ਹੈਲਥ ਰਿਕਾਰਡ" ਜਾਂ EHRs ਵੀ ਕਿਹਾ ਜਾਂਦਾ ਹੈ) ਵਿੱਚ ਵੀ ਸ਼ਾਮਲ ਕੀਤਾ ਜਾ ਸਕਦਾ ਹੈ, ਜਿੰਨ੍ਹਾਂ ਤੱਕ ਸੂਬੇ ਭਰ ਦੇ ਵਿਭਿੰਨ ਸਿਹਤ ਪੇਸ਼ੇਵਰਾਂ ਦੁਆਰਾ ਪਹੁੰਚ ਕੀਤੀ ਜਾ ਸਕਦੀ ਹੈ। ਸ਼ਾਮਲ ਕੀਤੀ ਜਾਣਕਾਰੀ ਇੱਕ ਸੂਬੇ/ਖਿੱਤੇ ਤੋਂ ਦੂਜੇ ਤੱਕ ਭਿੰਨ-ਭਿੰਨ ਹੋਵੇਗੀ, ਪਰ ਇਸ ਵਿੱਚ ਪ੍ਰਯੋਗਸ਼ਾਲਾ ਟੈਸਟ ਦੇ ਨਤੀਜੇ, ਤਜਵੀਜ਼ ਕੀਤੀਆਂ ਦਵਾਈਆਂ, ਹਸਪਤਾਲ ਮੁਲਾਕਾਤਾਂ, ਸਰਜਰੀਆਂ, ਐਲਰਜੀਆਂ, ਆਦਿ ਬਾਰੇ ਜਾਣਕਾਰੀ ਸ਼ਾਮਲ ਹੋ ਸਕਦੀ ਹੈ।

### 2. ਕੀ ਮੇਰੇ ਸਿਹਤ ਰਿਕਾਰਡ ਦੀ ਗੁਪਤਤਾ ਦੀ ਰੱਖਿਆ ਕੀਤੀ ਜਾਂਦੀ ਹੈ?

ਸਿਹਤ-ਸੰਭਾਲ ਪੇਸ਼ੇਵਰ ਅਤੇ ਸੁਵਿਧਾਵਾਂ (ਅਤੇ ਸਿਹਤ ਜਾਣਕਾਰੀ ਦੇ ਹੋਰ ਨਿਗਰਾਨਾਂ) ਦੀ ਕਨੂੰਨੀ ਅਤੇ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਉਹ ਤੁਹਾਡੀ ਸਿਹਤ ਜਾਣਕਾਰੀ ਦੀ ਗੁਪਤਤਾ ਨੂੰ ਬਣਾਈ ਰੱਖਣ ਅਤੇ ਇਸਦੀ ਰੱਖਿਆ ਕਰਨ ਲਈ ਉਪਾਅ ਕਰਨ। ਇਹ ਗੱਲ ਸੱਚ ਹੈ ਚਾਹੇ ਤੁਹਾਡੀ ਜਾਣਕਾਰੀ ਨੂੰ ਉਹਨਾਂ ਦੇ ਕਾਗਜ਼ੀ ਡਾਕਟਰੀ

ਰਿਕਾਰਡਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜਾਂ ਫਿਰ ਇਲੈਕਟਰਾਨਿਕ ਡਾਕਟਰੀ ਰਿਕਾਰਡਾਂ ਵਿੱਚ। ਗੁਪਤਤਾ ਨੂੰ ਬਣਾਈ ਰੱਖਣਾ, ਡਾਕਟਰ ਅਤੇ ਮਰੀਜ਼ ਵਿਚਕਾਰ ਵਿਸ਼ਵਾਸ ਦੇ ਰਿਸ਼ਤੇ ਦੀ ਨੀਂਹ ਹੈ। ਤੁਹਾਡੀ ਜਾਣਕਾਰੀ ਨੂੰ ਦਰੁਸਤ, ਵਰਤਮਾਨ ਅਤੇ ਸੰਪੂਰਨ ਰੱਖਣਾ, ਅਤੇ ਇਸਨੂੰ ਚੋਰੀ, ਹਾਨੀ ਜਾਂ ਅਣਅਧਿਕਾਰਿਤ ਵਰਤੋਂ ਜਾਂ ਖੁਲਾਸੇ ਤੋਂ ਬਚਾਉਣਾ ਵੀ ਸਿਹਤ ਪੇਸ਼ੇਵਰਾਂ ਦੀ ਜਿੰਮੇਵਾਰੀ ਹੁੰਦੀ ਹੈ।

ਪਰ, ਪਰਦੇਦਾਰੀ ਅਤੇ ਗੁਪਤਤਾ ਦਾ ਅਧਿਕਾਰ ਸੰਪੂਰਨ ਨਹੀਂ ਹੁੰਦਾ। ਹਰੇਕ ਸੂਬੇ ਅਤੇ ਖਿੱਤੇ ਵਿੱਚ, ਅਜਿਹੇ ਹਾਲਾਤ ਹੋ ਸਕਦੇ ਹਨ ਜਿੱਥੇ ਕਨੂੰਨ ਅਖਤਿਆਰ ਦਿੰਦਾ ਹੈ ਜਾਂ ਲੋੜਦਾ ਹੈ ਕਿ ਤੁਹਾਡੀ ਸਹਿਮਤੀ ਦੇ ਬਿਨਾਂ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਕੀਤਾ ਜਾਵੇ। ਇਸਤੋਂ ਇਲਾਵਾ, ਜਦ ਤੁਹਾਡੀ ਜਾਣਕਾਰੀ ਨੂੰ ਕਿਸੇ ਕੇਂਦਰੀਕਿਰਤ ਡੈਟਾਬੇਸ (EHR) ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਤਾਂ ਤੁਹਾਡਾ ਡਾਕਟਰ ਉਸ ਜਾਣਕਾਰੀ ਦੀ ਗੁਪਤਤਾ ਦੀ ਹੋਰ ਗਰੰਟੀ ਨਹੀਂ ਦੇ ਸਕਦਾ। ਅਖੀਰ ਵਿੱਚ, ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਣਾ ਬਹੁਤ ਮੁਸ਼ਕਿਲ ਹੋ ਸਕਦਾ ਹੈ ਕਿ ਤੁਹਾਡੀ ਸਿਹਤ ਜਾਣਕਾਰੀ ਨੂੰ ਕਿਸ ਤਰ੍ਹਾਂ ਇਕੱਠਾ ਕੀਤਾ, ਸਟੋਰ ਕੀਤਾ, ਵਰਤਿਆ ਜਾ ਰਿਹਾ ਹੈ ਜਾਂ ਖੁਲਾਸਾ ਕੀਤਾ ਜਾ ਰਿਹਾ ਹੈ, ਖਾਸ ਕਰਕੇ ਜਦ ਤੁਹਾਡੇ ਸਾਰੇ ਜੀਵਨ ਕਾਲ ਦੌਰਾਨ ਤੁਹਾਡਾ ਵਿਭਿੰਨ ਸਿਹਤ ਪੇਸ਼ੇਵਰਾਂ ਨਾਲ ਵਾਸਤਾ ਪੈਂਦਾ ਹੈ। ਤੁਹਾਨੂੰ ਆਪਣੇ ਸਿਹਤ ਪੇਸ਼ੇਵਰਾਂ ਅਤੇ/ਜਾਂ ਸਿਹਤ ਸੁਵਿਧਾਵਾਂ ਨੂੰ ਤੁਹਾਡੀ ਨਿੱਜੀ ਸਿਹਤ ਜਾਣਕਾਰੀ ਦੀ ਰੱਖਿਆ ਕਰਨ ਵਾਸਤੇ ਉਹਨਾਂ ਦੀਆਂ ਨੀਤੀਆਂ ਬਾਰੇ ਪੁੱਛਣ ਤੋਂ ਝਿਜਕਣਾ ਨਹੀਂ ਚਾਹੀਦਾ। (ਕੈਨੇਡਾ ਵਿੱਚ ਨਿੱਜੀ ਸਿਹਤ ਜਾਣਕਾਰੀ ਦੀ ਰੱਖਿਆ ਕਰਨ ਵਾਲੇ ਵਿਧਾਨ ਬਾਰੇ ਜਾਣਕਾਰੀ ਵਾਸਤੇ, ਇਸ ਲੜੀ ਵਿੱਚ "ਇੱਕ ਮਰੀਜ਼ ਵਜੋਂ ਖੁਲਾਸਾ" ਵਿੱਚ ਸ਼ੇਡ ਕੀਤਾ ਖਾਨਾ ਦੇਖੋ।)

### 3. ਜੇ ਮੈਂ ਨਹੀਂ ਚਾਹੁੰਦਾ/ਦੀ ਕਿ ਮੇਰੇ ਸਿਹਤ ਰਿਕਾਰਡ ਵਿਚਲੀ ਕੁਝ ਵਿਸ਼ੇਸ਼ ਜਾਣਕਾਰੀ ਨੂੰ ਕਿਸੇ ਹੋਰ ਸਿਹਤ ਪੇਸ਼ੇਵਰ ਨਾਲ ਸਾਂਝੀ ਕੀਤਾ ਜਾਵੇ ਤਾਂ ਕੀ ਕੋਈ ਅਜਿਹੀ ਚੀਜ਼ ਹੈ ਜੋ ਮੈਂ ਕਰ ਸਕਦਾ/ਦੀ ਹਾਂ?

ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਡੀ ਸਿਹਤ ਜਾਣਕਾਰੀ ਦਾ ਖੁਲਾਸਾ ਕੇਵਲ ਤੁਹਾਡੀ ਸਹਿਮਤੀ ਨਾਲ ਕੀਤਾ ਜਾ ਸਕਦਾ ਹੈ – ਪਰ ਤੁਹਾਡੀ ਸਹਿਮਤੀ ਦੇ ਹਮੇਸ਼ਾ *ਸਪੱਸ਼ਟ*(ਦੂਜੇ ਸ਼ਬਦਾਂ ਵਿੱਚ ਜ਼ੁਬਾਨੀ ਬਿਆਨ ਕੀਤੀ ਜਾਂ ਲਿਖਤੀ ਰੂਪ ਵਿੱਚ) ਹੋਣ ਦੀ ਲੋੜ ਨਹੀਂ ਹੁੰਦੀ। ਸਿਹਤ-ਸੰਭਾਲ ਪੇਸ਼ੇਵਰਾਂ ਨੂੰ ਅਕਸਰ ਇਹ ਮੰਨ ਲੈਣ ਦਾ ਅਧਿਕਾਰ ਹੁੰਦਾ ਹੈ ਕਿ ਤੁਸੀਂ ਆਪਣੀ ਸੰਭਾਲ ਵਿੱਚ ਸ਼ਾਮਲ *ਹੋਰਨਾਂ ਸਿਹਤ-ਸੰਭਾਲ ਪੇਸ਼ੇਵਰਾਂ*ਨਾਲ ਆਪਣੀ ਨਿੱਜੀ ਸਿਹਤ ਜਾਣਕਾਰੀ ਸਾਂਝੀ ਕਰਨ ਵਾਸਤੇ ਸਹਿਮਤੀ ਦੇ ਦਿੱਤੀ ਹੈ। ਇਹੀ ਉਹ ਤਰੀਕਾ ਹੈ ਜਿਸ ਨਾਲ ਉਹ ਤੁਹਾਡੀ *ਸਪੱਸ਼ਟ*ਸਹਿਮਤੀ ਬਾਰੇ ਤੁਹਾਨੂੰ ਪੁੱਛਣ ਤੋਂ ਬਿਨਾਂ "ਸੰਭਾਲ ਦੇ ਦਾਇਰੇ" ਅੰਦਰ ਤੁਹਾਡੀ ਜਾਣਕਾਰੀ ਸਾਂਝੀ ਕਰਨ ਦੇ ਯੋਗ ਹੋ ਜਾਂਦੇ ਹਨ। (ਵਧੇਰੇ ਜਾਣਕਾਰੀ ਵਾਸਤੇ, ਇਸ ਲੜੀ ਵਿੱਚ "ਇੱਕ ਮਰੀਜ਼ ਵਜੋਂ ਖੁਲਾਸਾ" ਦੇਖੋ।) ਕੁਝ ਸੂਬਿਆਂ/ਖਿੱਤਿਆਂ ਵਿੱਚ, ਇਹ ਤਦ ਤੱਕ ਸੱਚ ਹੁੰਦਾ ਹੈ ਜਦ ਤੱਕ ਤੁਸੀਂ ਆਪਣੇ ਡਾਕਟਰ ਨੂੰ ਇਹ *ਨ*ਦੱਸਿਆ ਹੋਵੇ ਕਿ ਤੁਸੀਂ ਤੁਹਾਡੀ ਜਾਣਕਾਰੀ (ਉਦਾਹਰਨ ਲਈ ਤੁਹਾਡੀ HIV-ਪਾਜੇਟਿਵ ਅਵਸਥਾ) ਕਿਸੇ ਹੋਰ ਸਿਹਤ-ਸੰਭਾਲ ਪੇਸ਼ੇਵਰ ਨਾਲ ਸਾਂਝੀ ਨਹੀਂ ਕੀਤੀ ਜਾਣੀ ਚਾਹੁੰਦੇ।

ਉਦਾਹਰਨ ਲਈ, ਓਨਟੈਰੀਓ ਵਿੱਚ, ਉਹਨਾਂ ਪ੍ਰਸਥਿਤੀਆਂ ਵਿੱਚ "ਲਾਕ ਬਾਕਸ" ਮਦ ਦੀ ਵਰਤੋਂ ਕੀਤੀ ਜਾਂਦੀ ਹੈ ਜਿੱਥੇ ਤੁਸੀਂ ਸਪੱਸ਼ਟ ਤੌਰ 'ਤੇ ਕਿਸੇ ਸਿਹਤ-ਸੰਭਾਲ ਪੇਸ਼ੇਵਰ ਨੂੰ ਹੋਰਨਾਂ ਦੇ ਨਾਲ ਤੁਹਾਡੀ ਜਾਣਕਾਰੀ ਸਾਂਝੀ ਨਾ ਕਰਨ ਲਈ ਕਿਹਾ ਹੈ, ਚਾਹੇ ਉਹ ਤੁਹਾਡੀ ਸੰਭਾਲ ਵਿੱਚ ਸ਼ਾਮਲ ਵੀ ਹੋਣ। ਜੇ ਤੁਸੀਂ ਇਹ ਬੇਨਤੀ ਆਪਣੀ HIV-ਪਾਜੇਟਿਵ ਅਵਸਥਾ ਦੇ ਸਬੰਧ ਵਿੱਚ ਕਰਦੇ ਹੋ, ਤਾਂ ਤੁਹਾਡੇ ਡਾਕਟਰ ਤੋਂ ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਉਹ ਹੋਰਨਾਂ ਸਿਹਤ ਪੇਸ਼ੇਵਰਾਂ ਕੋਲ ਜਾ ਰਹੇ ਰਿਕਾਰਡਾਂ ਵਿੱਚ ਇਸ ਜਾਣਕਾਰੀ ਨੂੰ ਸ਼ਾਮਲ ਕਰੇ।

ਲਾਗੂ ਹੋਣ ਵਾਲੇ ਸੂਬਾਈ/ਖੇਤਰੀ ਵਿਧਾਨ 'ਤੇ ਨਿਰਭਰ ਕਰਨ ਅਨੁਸਾਰ, ਤੁਹਾਡਾ ਡਾਕਟਰ ਅਜੇ ਵੀ ਹੋਰਨਾਂ ਸਿਹਤ ਪੇਸ਼ੇਵਰਾਂ ਨੂੰ ਦੱਸਣ ਦੇ ਯੋਗ – ਜਾਂ ਏਥੋਂ ਤੱਕ ਕਿ ਪਾਬੰਦ ਵੀ ਹੋ ਸਕਦਾ ਹੈ – ਕਿ ਤੁਹਾਡੀ ਸੰਭਾਲ ਵਾਸਤੇ ਕੁਝ ਮਹੱਤਵਪੂਰਨ ਜਾਣਕਾਰੀ ਹੈ ਜਿਸਨੂੰ ਸਾਂਝੇ ਕੀਤੇ ਰਿਕਾਰਡਾਂ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਇਸ ਤਰ੍ਹਾਂ, ਕੋਈ ਪੇਸ਼ੇਵਰ ਜਾਣ ਸਕਦਾ ਹੈ ਕਿ ਜਾਣਕਾਰੀ ਦਾ ਕੋਈ ਅਹਿਮ ਅੰਸ਼ ਮੌਜੂਦ ਨਹੀਂ ਹੈ ਅਤੇ ਉਹ ਸਿੱਧੇ ਤੌਰ 'ਤੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰ ਸਕਦਾ ਹੈ।

ਕਿਸੇ ਹਸਪਤਾਲ ਸਥਾਪਨਾ ਦੇ ਅੰਦਰ, ਕੁਝ ਵਿਸ਼ੇਸ਼ ਪ੍ਰਕਿਰਿਆ ਸਥਾਪਤ ਕੀਤੀ ਹੋ ਸਕਦੀ ਹੈ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੀ ਡਾਕਟਰੀ ਟੀਮ ਦੇ ਸਾਰੇ ਮੈਂਬਰਾਂ ਦੀ ਕਿਸੇ ਵਿਸ਼ੇਸ਼ ਜਾਣਕਾਰੀ ਤੱਕ ਪਹੁੰਚ ਹੋਵੇ, ਤਾਂ ਇਸਨੂੰ ਰੋਕਣ ਲਈ ਤੁਹਨੂੰ ਇੱਕ ਵਿਸ਼ੇਸ਼ ਬੇਨਤੀ ਫਾਰਮ ਭਰਨਾ ਪੈ ਸਕਦਾ ਹੈ। ਅਜਿਹੀ ਸੰਭਾਵਨਾ ਹੈ ਕਿ ਇੱਕ ਸੰਸਥਾ ਤੋਂ ਦੂਜੀ ਤੱਕ ਇਹ ਪ੍ਰਕਿਰਿਆ ਭਿੰਨ-ਭਿੰਨ ਹੋਵੇਗੀ।

ਅੰਤ ਵਿੱਚ, ਕੁਝ ਸੀਮਤ ਹਾਲਾਤਾਂ ਵਿੱਚ, ਨੁਕਸਾਨ ਨੂੰ ਰੋਕਣ ਲਈ, ਜਨਤਕ ਸਿਹਤ ਦੀ ਰੱਖਿਆ ਕਰਨ ਲਈ, ਜਾਂ, ਉਦਾਹਰਨ ਲਈ, ਕਿਸੇ ਅਦਾਲਤੀ ਆਦੇਸ਼ ਦੀ ਤਾਮੀਲ ਕਰਨ ਲਈ (ਹੇਠਾਂ ਦੇਖੋ), ਕਨੂੰਨ ਤੁਹਾਡੀ ਸਹਿਮਤੀ ਦੇ *ਬਿਨਾਂ*ਤੁਹਾਡੀ ਸਿਹਤ ਜਾਣਕਾਰੀ ਦੇ ਖੁਲਾਸੇ ਦਾ ਅਖਤਿਆਰ ਦੇ ਸਕਦਾ ਹੈ ਜਾਂ ਖੁਲਾਸਾ ਲੋੜ ਸਕਦਾ ਹੈ। ਅਜਿਹੇ ਅਪਵਾਦੀ ਹਾਲਾਤਾਂ ਵਿੱਚ, ਇਹ ਤੱਥ ਕਿ ਤੁਸੀਂ ਆਪਣੇ ਡਾਕਟਰ ਨੂੰ ਤੁਹਾਡੀ HIV-ਪਾਜੇਟਿਵ ਅਵਸਥਾ ਸਾਂਝੀ ਨਾ ਕਰਨ ਵਾਸਤੇ ਕਿਹਾ ਸੀ, ਉਸ ਜਾਣਕਾਰੀ ਨੂੰ ਸਾਂਝੀ ਕੀਤੀ ਜਾਣ ਤੋਂ ਨਹੀਂ ਰੋਕੇਗਾ।

### 4. ਕਿਹੜੇ ਹਾਲਾਤਾਂ ਵਿੱਚ ਕੋਈ ਸਿਹਤ-ਸੰਭਾਲ ਪੇਸ਼ੇਵਰ ਮੇਰੀ ਸਹਿਮਤੀ ਦੇ *ਬਿਨਾਂ* ਮੇਰੀ ਸਿਹਤ ਜਾਣਕਾਰੀ ਸਾਂਝੀ ਕਰ ਸਕਦਾ ਹੈ?

ਹਾਲਾਂਕਿ ਗੁਪਤਤਾ ਨੂੰ ਬਣਾਈ ਰੱਖਣਾ ਅਤੇ ਤੁਹਾਡੀ ਨਿੱਜੀ ਸਿਹਤ ਜਾਣਕਾਰੀ ਦਾ ਖੁਲਾਸਾ ਕੇਵਲ ਤੁਹਾਡੀ ਸਹਿਮਤੀ (ਸਪੱਸ਼ਟ ਜਾਂ ਸੰਕੇਤਕ) ਨਾਲ ਕਰਨਾ ਸਿਹਤ-ਸੰਭਾਲ ਪੇਸ਼ੇਵਰਾਂ ਦੀ ਇੱਕ ਨੈਤਿਕ ਅਤੇ ਕਨੂੰਨੀ ਜਿੰਮੇਵਾਰੀ ਹੁੰਦੀ ਹੈ, ਪਰ ਕੁਝ ਹਾਲਾਤ ਅਜਿਹੇ ਹਨ ਜਿੱਥੇ ਕਨੂੰਨ ਉਹਨਾਂ ਨੂੰ ਅਖਤਿਆਰ ਦਿੰਦਾ ਜਾਂ ਲੋੜਦਾ ਹੈ ਕਿ ਉਹ ਤੁਹਾਡੀ ਸਹਿਮਤੀ ਦੇ *ਬਿਨਾਂ*ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰਨ।

ਵਿਧਾਨ ਇੱਕ ਸੂਬੇ/ਖਿੱਤੇ ਤੋਂ ਦੂਜੇ ਤੱਕ ਬਦਲਦਾ ਰਹਿੰਦਾ ਹੈ, ਪਰ ਏਥੇ ਅਜਿਹੀਆਂ ਪ੍ਰਸਥਿਤੀਆਂ ਦੀਆਂ ਕੁਝ ਉਦਾਹਰਨਾਂ ਦਿੱਤੀਆਂ ਜਾ ਰਹੀਆਂ ਹਨ ਜਿੱਥੇ ਨਿੱਜੀ ਸਿਹਤ ਜਾਣਕਾਰੀ ਦਾ ਖੁਲਾਸਾ ਤੁਹਾਡੀ ਸਹਿਮਤੀ ਦੇ ਬਿਨਾਂ ਵਾਪਰ ਸਕਦਾ ਹੈ:

- ਤੁਹਾਨੂੰ ਉਚਿਤ ਡਾਕਟਰੀ ਸੰਭਾਲ ਪ੍ਰਦਾਨ ਕਰਾਉਣ ਲਈ ਖੁਲਾਸਾ ਜ਼ਰੂਰੀ ਹੈ, ਪਰ ਸਮੇਂ ਸਿਰ ਤੁਹਾਡੀ ਸਹਿਮਤੀ ਹਾਸਲ ਕਰਨਾ ਅਸੰਭਵ ਹੈ (ਉਦਾਹਰਨ ਲਈ, ਸੰਕਟਕਾਲੀ ਸਥਿਤੀਆਂ)।
- ਇੱਕ ਸਿਰ ’ਤੇ ਆ ਚੁੱਕੇ ਅਤੇ ਜਿਕਰਯੋਗ ਨੁਕਸਾਨ ਦੇ ਖਤਰੇ ਨੂੰ ਰੋਕਣ ਲਈ ਜਾਂ ਜਨਤਕ ਸਿਹਤ ਦੀ ਰੱਖਿਆ ਕਰਨ ਲਈ ਖੁਲਾਸਾ ਜ਼ਰੂਰੀ ਹੈ।
- ਖੁਲਾਸਾ ਕਿਸੇ ਅਜਿਹੇ ਵਿਅਕਤੀ ਨੂੰ ਕੀਤਾ ਜਾਂਦਾ ਹੈ ਜੋ ਤੁਹਾਡੀ ਤਰਫ਼ੋਂ ਕਾਰਜ ਕਰ ਰਿਹਾ ਹੈ (ਉਦਾਹਰਨ ਲਈ ਕੋਈ ਵਿਅਕਤੀ ਜੋ ਤੁਹਾਡੀ ਤਰਫ਼ੋਂ ਸਿਹਤ-ਸੰਭਾਲ ਬਾਰੇ ਫੈਸਲੇ ਲੈਣ ਲਈ ਕਨੂੰਨੀ ਅਖਤਿਆਰ ਪ੍ਰਾਪਤ ਹੈ)।
- ਲਾਜ਼ਮੀ ਰਿਪੋਰਟਾਂ ਦੇ ਮਕਸਦ ਵਾਸਤੇ ਖੁਲਾਸਾ ਲੋੜੀਂਦਾ ਹੈ (ਉਦਾਹਰਨ ਲਈ HIV ਟੈਸਟ ਦੇ ਨਤੀਜਿਆਂ ਬਾਰੇ ਜਨਤਕ ਸਿਹਤ ਅਥਾਰਟੀਆਂ ਨੂੰ ਕੁਝ ਵਿਸ਼ੇਸ਼ ਕਿਸਮਾਂ ਦੀ ਰਿਪੋਰਟ ਕਰਨਾ – ਹੇਠਾਂ ਦੇਖੋ)।
- ਸਿਹਤ ਸੰਭਾਲ ਅਤੇ ਸਬੰਧਿਤ ਸੇਵਾਵਾਂ ਹਾਸਲ ਕਰਨ ਲਈ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਨ ਵਾਸਤੇ ਖੁਲਾਸਾ ਜ਼ਰੂਰੀ ਹੈ।
- ਕਿਸੇ ਸਿਹਤ-ਸੰਭਾਲ ਪ੍ਰੋਗਰਾਮ ਦੇ ਪ੍ਰਸ਼ਾਸ਼ਨ, ਯੋਜਨਾਬੰਦੀ ਜਾਂ ਮੁਲਾਂਕਣ ਵਾਸਤੇ ਖੁਲਾਸਾ ਜ਼ਰੂਰੀ ਹੈ।
- ਕਿਸੇ ਵਰੰਟ ਜਾਂ ਹੋਰ ਅਦਾਲਤੀ ਆਦੇਸ਼ ਦੀ ਤਾਮੀਲ ਕਰਨ ਵਾਸਤੇ ਖੁਲਾਸਾ ਜ਼ਰੂਰੀ ਹੈ।
- ਕਿਸੇ ਹੋਰ ਵਿਅਕਤੀ ਨੂੰ ਤੁਹਾਡੀ ਮੌਤ ਦੇ ਹਾਲਾਤਾਂ ਬਾਰੇ ਸੂਚਿਤ ਕਰਨ ਲਈ ਖੁਲਾਸਾ ਜ਼ਰੂਰੀ ਹੈ, ਸਮੇਤ ਕਿਸੇ ਰਿਸ਼ਤੇਦਾਰ ਨੂੰ ਉਸਦੀ ਆਪਣੀ ਸਿਹਤ ਬਾਰੇ ਫੈਸਲਾ ਕਰਨ ਵਿੱਚ ਮਦਦ ਕਰਨ ਵਾਸਤੇ।
- ਖੁਲਾਸਾ ਖੋਜ ਦੇ ਮਕਸਦਾਂ ਵਾਸਤੇ ਵਾਪਰਦਾ ਹੈ (ਇਸ ਸੰਦਰਭ ਵਿੱਚ ਖੁਲਾਸੇ ਵਾਸਤੇ ਆਮ ਤੌਰ ’ਤੇ ਵਿਸ਼ੇਸ਼ ਸ਼ਰਤਾਂ ਹੋਂਦ ਰੱਖਦੀਆਂ ਹਨ)।

## 5. ਕੀ ਕੋਈ ਸਿਹਤ ਪੇਸ਼ੇਵਰ ਮੇਰੀ ਸਿਹਤ ਜਾਣਕਾਰੀ ਮੇਰੇ ਪਰਿਵਾਰਕ ਮੈਂਬਰਾਂ ਜਾਂ ਦੋਸਤਾਂ ਵਿੱਚੋਂ ਕਿਸੇ ਨਾਲ ਸਾਂਝੀ ਕਰ ਸਕਦਾ ਹੈ?

ਆਮ ਤੌਰ ’ਤੇ, ਸਿਹਤ ਪੇਸ਼ੇਵਰ ਨੂੰ ਤੁਹਾਡੀ ਸਿਹਤ ਜਾਣਕਾਰੀ ਦਾ ਖੁਲਾਸਾ ਕਿਸੇ ਹੋਰ ਨੂੰ ਕਰਨ ਵਾਸਤੇ, ਜੋ ਤੁਹਾਡੀ ਸੰਭਾਲ ਵਿੱਚ ਸ਼ਾਮਲ ਕੋਈ ਸਿਹਤ ਪੇਸ਼ੇਵਰ *ਸਪੱਸ਼ਟ* ਸਹਿਮਤੀ ਦੀ ਲੋੜ ਹੁੰਦੀ ਹੈ। ਪਰ, ਤੁਹਾਡੇ ਪਰਿਵਾਰ ਦੇ ਮੈਂਬਰਾਂ ਜਾਂ ਉਹਨਾਂ ਲੋਕਾਂ ਦੇ ਸਬੰਧ ਵਿੱਚ ਚੀਜ਼ਾਂ ਭਿੰਨ ਹੋ ਸਕਦੀਆਂ ਹਨ ਜਿੰਨ੍ਹਾਂ ਦੇ ਨਾਲ ਤੁਹਾਡਾ ਨਜ਼ਦੀਕੀ ਰਿਸ਼ਤਾ ਹੈ।

ਵਿਧਾਨ ਇੱਕ ਸੂਬੇ/ਖਿੱਤੇ ਤੋਂ ਦੂਜੇ ਤੱਕ ਬਦਲਦਾ ਰਹਿੰਦਾ ਹੈ, ਪਰ ਕਨੂੰਨ ਆਮ ਤੌਰ ’ਤੇ ਸਿਹਤ ਪੇਸ਼ੇਵਰਾਂ ਨੂੰ *ਅਖਤਿਆਰ ਦਿੰਦਾ ਹੈ* ਕਿ ਉਹ (ਘੱਟੋ ਘੱਟ) ਸੁਵਿਧਾ ਵਿੱਚ ਤੁਹਾਡੀ ਸਰੀਰਕ ਮੌਜੂਦਗੀ ਨਾਲ ਸਬੰਧਿਤ ਅਤੇ ਤੁਹਾਡੀ ਸਾਧਾਰਨ ਅਵਸਥਾ ਬਾਰੇ ਜਾਣਕਾਰੀ ਦਾ ਖੁਲਾਸਾ ਤੁਹਾਡੇ ਪਰਿਵਾਰਕ ਮੈਂਬਰਾਂ ਜਾਂ ਹੋਰਨਾਂ ਨਜ਼ਦੀਕੀ ਸੰਪਰਕਾਂ ਨੂੰ ਕਰਨ, ਜਦ ਤੱਕ ਤੁਸੀਂ ਇਹ ਨਹੀਂ ਕਹਿੰਦੇ ਕਿ ਤੁਸੀਂ ਉਹਨਾਂ ਨੂੰ ਨਹੀਂ ਦੱਸਿਆ ਜਾਣਾ ਚਾਹੁੰਦੇ। ਵਿਹਾਰਕ ਰੂਪ ਵਿੱਚ, ਇਸਦਾ ਮਤਲਬ ਇਹ ਹੈ ਕਿ ਕੋਈ ਹਸਪਤਾਲ ਤੁਹਾਡੀ ਮਾਂ ਨੂੰ ਇਹ ਦੱਸਣ ਦੇ ਯੋਗ ਹੋਵੇਗਾ ਕਿ ਤੁਸੀਂ ਹਸਪਤਾਲ ਵਿੱਚ ਹੋ ਜਦ ਤੱਕ ਤੁਸੀਂ ਵਿਸ਼ੇਸ਼ ਤੌਰ ’ਤੇ ਨਰਸ ਨੂੰ ਇਹ ਨਹੀਂ ਦੱਸਦੇ ਕਿ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਪਰਿਵਾਰ ਨੂੰ ਇਸ ਤੱਥ ਬਾਰੇ ਪਤਾ ਚੱਲੇ। ਕਵੀਬੈੱਕ ਵਿੱਚ, ਸਿਹਤ ਪੇਸ਼ੇਵਰ ਤੁਹਾਡੀ ਸਿਹਤ ਨਾਲ ਸਬੰਧਿਤ ਕਿਸੇ ਵੀ ਜਾਣਕਾਰੀ ਦਾ ਖੁਲਾਸਾ ਤੁਹਾਡੇ ਪਰਿਵਾਰਕ ਮੈਂਬਰਾਂ ਨੂੰ ਨਹੀਂ ਕਰ ਸਕਦੇ ਜਦ ਤੱਕ ਤੁਸੀਂ ਅਜਿਹਾ ਕਰਨ ਵਾਸਤੇ ਉਹਨਾਂ ਨੂੰ ਆਗਿਆ ਨਾ ਦਿੱਤੀ ਹੋਵੇ।

ਨੋਟ ਕਰੋ ਕਿ ਕੁਝ ਅਧਿਕਾਰ-ਖੇਤਰਾਂ, ਜਿਵੇਂ ਕਿ ਓਨਟੈਰੀਓ ਅਤੇ ਮਨੀਟੋਬਾ ਵਿੱਚ, ਕਨੂੰਨ ਕੁਝ ਵਿਸ਼ੇਸ਼ ਆਮ ਜਾਣਕਾਰੀ ਨੂੰ ਦੋਸਤਾਂ ਅਤੇ ਪਰਿਵਾਰ ਤੋਂ ਅੱਗੇ ਵੀ ਦਿੱਤੇ ਜਾਣ ਦੀ ਇਜਾਜ਼ਤ ਦਿੰਦਾ ਹੈ। ਜੇ ਤੁਸੀਂ ਇਸ ਵਰਤਾਰੇ ਨੂੰ ਲੈਕੇ ਚਿੰਤਤ ਹੋ ਤਾਂ ਆਪਣੀ ਸੁਵਿਧਾ ਨੂੰ ਦੱਸੋ ਕਿ ਤੁਸੀਂ ਤੁਹਾਡੀ ਜਾਣਕਾਰੀ ਦਾ ਖੁਲਾਸਾ ਕੀਤਾ ਜਾਣਾ ਨਹੀਂ ਚਾਹੁੰਦੇ।

ਅੰਤ ਵਿੱਚ, ਹਰੇਕ ਅਧਿਕਾਰ-ਖੇਤਰ ਵਿੱਚ, ਕੋਈ ਸਿਹਤ ਪੇਸ਼ੇਵਰ ਤੁਹਾਡੀ ਨਿੱਜੀ ਸਿਹਤ ਜਾਣਕਾਰੀ ਦਾ ਖੁਲਾਸਾ ਕਰ ਸਕਦਾ ਹੈ ਜੇ ਕਿਸੇ ਸਿਰ ’ਤੇ ਖੜ੍ਹੇ ਗੰਭੀਰ ਨੁਕਸਾਨ ਦੇ ਖਤਰੇ ਨੂੰ ਰੋਕਣ ਲਈ ਅਜਿਹਾ ਜ਼ਰੂਰੀ ਹੈ। ਇਸ ਕਰਕੇ, ਕੁਝ ਹਾਲਾਤਾਂ ਵਿੱਚ, ਕਿਸੇ ਡਾਕਟਰ ਕੋਲ ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਤੁਹਾਡੀ ਪਤਨੀ/ਪਤੀ ਜਾਂ ਪਾਰਟਨਰ ਨੂੰ ਖੁਲਾਸਾ ਕਰਨ ਦਾ ਅਧਿਕਾਰ ਹੋ ਸਕਦਾ ਹੈ, ਜੇਕਰ ਡਾਕਟਰ ਵਿਸ਼ਵਾਸ ਕਰਦਾ ਹੈ ਕਿ ਤੁਹਾਡੇ ਪਾਰਟਨਰ ਨੂੰ ਸਪੱਸ਼ਟ ਅਤੇ ਸਿਰ ਆ ਖੜ੍ਹੇ ਗੰਭੀਰ ਨੁਕਸਾਨ ਦਾ ਖਤਰਾ ਹੈ (ਉਦਾਹਰਨ ਲਈ ਜੇ ਤੁਸੀਂ ਆਪਣੀ HIV-ਪਾਜੇਟਿਵ ਅਵਸਥਾ ਦਾ ਖੁਲਾਸਾ ਕੀਤੇ ਬਗੈਰ ਜੋਖਮ ਭਰੀ ਜਿਨਸੀ ਕਿਰਿਆ ਵਿੱਚ ਸ਼ਾਮਲ ਹੁੰਦੇ ਹੋ)।

### 6. ਕੀ ਮੈਂ ਆਪਣੇ ਸਿਹਤ ਰਿਕਾਰਡਾਂ ਤੱਕ ਪਹੁੰਚ ਕਰ ਸਕਦਾ/ਦੀ ਹਾਂ?

ਤੁਹਾਡੀ ਨਿੱਜੀ ਸਿਹਤ ਜਾਣਕਾਰੀ ਤੁਹਾਡੀ ਹੀ ਹੈ। ਸਿਹਤ ਸਬੰਧੀ ਵਿਧਾਨ ਇਹ ਮੰਨਦਾ ਹੈ ਕਿ ਤੁਹਾਨੂੰ ਆਪਣੀ ਡਾਕਟਰੀ ਜਾਣਕਾਰੀ ਤੱਕ ਪਹੁੰਚ ਦੀ ਬੇਨਤੀ ਕਰਨ ਦਾ ਅਧਿਕਾਰ ਹੈ, ਅਤੇ ਸਿਹਤ ਪੇਸ਼ੇਵਰਾਂ ਨੂੰ ਲਾਜ਼ਮੀ ਤੌਰ ’ਤੇ ਤੁਹਾਡੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਬਿਨਾਂ ਦੇਰੀ ਦੇ ਤੁਹਾਡੀ ਬੇਨਤੀ ਦਾ ਜਵਾਬ ਦੇਣਾ ਚਾਹੀਦਾ ਹੈ। ਤੁਹਾਨੂੰ ਲਿਖਤੀ ਰੂਪ ਵਿੱਚ ਇੱਕ ਬੇਨਤੀ ਕਰਨ ਜਾਂ ਕਿਸੇ ਵਿਸ਼ੇਸ਼ ਫਾਰਮ ਨੂੰ ਭਰਨ ਦੀ ਲੋੜ ਪੈ ਸਕਦੀ ਹੈ। ਸ਼ਾਮਲ ਪ੍ਰਕਿਰਿਆਵਾਂ ਬਾਰੇ ਪਤਾ ਕਰਨ ਲਈ, ਆਪਣੇ ਸਿਹਤ ਪੇਸ਼ੇਵਰ ਨਾਲ, ਜਾਂ ਕਿਸੇ ਸਬੰਧਿਤ ਸਿਹਤ-ਸੰਭਾਲ ਸੁਵਿਧਾ ਨਾਲ ਸੰਪਰਕ ਕਰੋ।

ਨੋਟ ਕਰੋ ਕਿ, ਕੁਝ ਦੁਰਲੱਭ ਹਾਲਾਤਾਂ ਵਿੱਚ, ਕੋਈ ਸਿਹਤ ਪੇਸ਼ੇਵਰ ਜਾਂ ਸੁਵਿਧਾ ਤੁਹਾਡੇ ਰਿਕਾਰਡ ਵਿਚਲੀ ਕਿਸੇ ਵਿਸ਼ੇਸ਼ ਜਾਣਕਾਰੀ ਤੱਕ ਪਹੁੰਚ ਤੋਂ ਇਨਕਾਰ ਕਰ ਸਕਦੇ ਹਨ, ਸਮੇਤ ਉਹਨਾਂ ਮੌਕਿਆਂ ਦੇ ਜਦੋਂ:

- ਇਸ ਨਾਲ ਕਿਸੇ ਹੋਰ ਵਿਅਕਤੀ ਵਿਸ਼ੇਸ਼ ਬਾਰੇ ਗੁਪਤ ਜਾਣਕਾਰੀ ਜਾਹਰ ਹੋ ਜਾਣ ਦੀ ਸੰਭਾਵਨਾ ਹੈ;
- ਇਹ (ਤੁਹਾਡੇ ਜਾਂ ਕਿਸੇ ਹੋਰ ਵਿਅਕਤੀ ਲਈ) ਨੁਕਸਾਨ ਦਾ ਖਤਰਾ ਖੜ੍ਹਾ ਕਰ ਸਕਦੀ ਹੈ;
- ਇਹ ਕਿਸੇ ਤੀਜੀ ਧਿਰ ਦੀ ਪਛਾਣ ਜਾਹਰ ਕਰ ਦੇਵੇਗੀ ਜਿਸਨੇ ਗੁਪਤ ਰੂਪ ਵਿੱਚ ਜਾਣਕਾਰੀ ਪ੍ਰਦਾਨ ਕੀਤੀ ਸੀ; ਜਾਂ
- ਇਹ ਕਿਸੇ ਕਨੂੰਨੀ ਜਾਂਚ ਜਾਂ ਕਿਸੇ ਵਿਧਾਨ ਦੀ ਤਾਮੀਲ ਕਰਵਾਏ ਜਾਣ ਨਾਲ ਦਖਲਅੰਦਾਜ਼ੀ ਕਰ ਸਕਦੀ ਹੈ।

ਜੇ ਕੋਈ ਸਿਹਤ ਪੇਸ਼ੇਵਰ ਜਾਣਕਾਰੀ ਤੱਕ ਪਹੁੰਚ ਨੂੰ ਇਨਕਾਰ ਕਰ ਦਿੰਦਾ ਹੈ, ਤਾਂ ਉਹਨਾਂ ਨੂੰ ਲਾਜ਼ਮੀ ਤੌਰ ’ਤੇ ਇਹ ਵਰਣਨ ਕਰਨਾ ਚਾਹੀਦਾ ਹੈ ਕਿ ਅਜਿਹਾ ਕਿਉਂ ਹੈ ਅਤੇ ਇਹ ਕਿ ਤੁਹਾਨੂੰ ਸਬੰਧਿਤ *ਪ੍ਰਾਈਵੇਸੀ ਕਮਿਸ਼ਨਰ* (ਜਿਸਨੂੰ *ਲੋਕਪਾਲ*ਜਾਂ *ਰੀਵਿਊ ਆਫਿਸ*ਵਜੋਂ ਵੀ ਜਾਣਿਆ ਜਾਂਦਾ ਹੈ) ਕੋਲ ਫੈਸਲੇ ਖਿਲਾਫ ਸ਼ਿਕਾਇਤ ਕਰਨ ਦਾ ਅਧਿਕਾਰ ਹੈ।

## 7. ਕੀ ਮੈਂ ਆਪਣੇ ਡਾਕਟਰੀ ਰਿਕਾਰਡ ਵਿੱਚ ਤਬਦੀਲੀਆਂ ਕਰ ਸਕਦਾ/ਦੀ ਹਾਂ?

ਤੁਸੀਂ ਆਪਣੇ ਡਾਕਟਰੀ ਰਿਕਾਰਡਾਂ ਵਿੱਚ ਤਬਦੀਲੀਆਂ ਨਹੀਂ ਕਰ ਸਕਦੇ, ਪਰ ਤੁਸੀਂ ਕਿਸੇ ਸਿਹਤ ਪੇਸ਼ੇਵਰ ਨੂੰ ਤੁਹਾਡੀ ਜਾਣਕਾਰੀ ਨੂੰ ਠੀਕ ਕਰਨ ਜਾਂ ਪੂਰੀ ਕਰਨ ਦੀ ਬੇਨਤੀ ਕਰ ਸਕਦੇ ਹੋ ਜੇਕਰ ਤੁਸੀਂ ਸੋਚਦੇ ਹੋ ਕਿ ਇਹ ਗਲਤ ਜਾਂ ਅਧੂਰੀ ਹੈ। ਹੋ ਸਕਦਾ ਹੈ ਤੁਹਾਨੂੰ ਆਪਣੀ ਬੇਨਤੀ ਲਿਖਤੀ ਰੂਪ ਵਿੱਚ ਕਰਨੀ ਪਵੇ।

ਜੇ ਤੁਹਾਡੇ ਡਾਕਟਰੀ ਰਿਕਾਰਡ ਵਿੱਚ ਸੋਧ ਦੇ ਸਬੰਧ ਵਿੱਚ ਕਿਸੇ ਸਿਹਤ ਪੇਸ਼ੇਵਰ ਦੇ ਜਵਾਬ ਤੋਂ ਤੁਸੀਂ ਖੁਸ਼ ਨਹੀਂ ਹੋ, ਤਾਂ ਤੁਸੀਂ ਸਬੰਧਿਤ ਪਰਦੇਦਾਰੀ ਕਮਿਸ਼ਨਰ ਕੋਲ ਇੱਕ ਸ਼ਿਕਾਇਤ ਦਾਇਰ ਕਰ ਸਕਦੇ ਹੋ।

## 8. ਜਦ ਮੈਂ ਕੋਈ HIV ਟੈਸਟ ਕਰਵਾਉਂਦਾ/ਦੀ ਹਾਂ ਤਾਂ ਮੇਰੀ HIV ਅਵਸਥਾ ਬਾਰੇ ਕਿਸਨੂੰ ਸੂਚਿਤ ਕੀਤਾ ਜਾਂਦਾ ਹੈ?

ਜਦ ਤੁਸੀਂ ਕੋਈ HIV ਟੈਸਟ ਕਰਵਾਉਂਦੇ ਹੋ, ਤਾਂ ਨਤੀਜੇ ਉਸ ਵਿਅਕਤੀ ਨੂੰ ਪਤਾ ਹੁੰਦੇ ਹਨ ਜਿਸਨੇ ਤੁਹਾਨੂੰ ਟੈਸਟ ਮੁਹੱਈਆ ਕਰਵਾਇਆ ਸੀ ਅਤੇ ਨਤੀਜਿਆਂ ਬਾਰੇ ਤੁਹਾਨੂੰ ਦੱਸਿਆ ਸੀ, ਅਤੇ ਨਾਲ ਹੀ ਉਸ ਪ੍ਰਯੋਗਸ਼ਾਲਾ ਨੂੰ ਪਤਾ ਹੁੰਦੇ ਹਨ ਜਿਸਨੇ ਤੁਹਾਡੇ ਖੂਨ ਦਾ ਵਿਸ਼ਲੇਸ਼ਣ ਕੀਤਾ ਸੀ। ਟੈਸਟ ਦੀ ਕਿਸਮ ’ਤੇ ਨਿਰਭਰ ਕਰਨ ਅਨੁਸਾਰ, ਜ਼ਰੂਰੀ ਨਹੀਂ ਹੈ ਕਿ ਤੁਹਾਡੇ ਨਾਮ ਦੀ ਪਛਾਣ ਕੀਤੀ ਜਾਵੇ। ਜੇ ਤੁਸੀਂ ਆਪਣੇ ਪਰਿਵਾਰਕ ਡਾਕਟਰ ਰਾਹੀਂ ਕੋਈ HIV ਟੈਸਟ ਕਰਵਾਉਂਦੇ ਹੋ, ਤਾਂ ਸੰਭਵ ਤੌਰ ’ਤੇ ਉਹਨਾਂ ਨੂੰ ਵੀ ਤੁਹਾਡੇ ਨਤੀਜਿਆਂ ਬਾਰੇ ਪਤਾ ਚੱਲ ਜਾਵੇਗਾ।

ਸਾਰੇ ਕੈਨੇਡੀਅਨ ਸੂਬਿਆਂ ਅਤੇ ਖਿੱਤਿਆਂ ਵਿੱਚ HIV ਅਤੇ ਏਡਜ਼, ਰਿਪੋਰਟ ਕਰਨਯੋਗ ਬਿਮਾਰੀਆਂ ਹਨ। ਯਾਨੀ ਕਿ, ਜਦ ਕਿਸੇ ਵਿਅਕਤੀ ਵਿਸ਼ੇਸ਼ ਦਾ HIV ਵਾਸਤੇ ਟੈਸਟ ਪਾਜੇਟਿਵ ਨਿਕਲਦਾ ਹੈ, ਤਾਂ ਨਤੀਜੇ ਦੀ ਰਿਪੋਰਟ *ਸੂਬਾਈ ਜਾਂ ਖੇਤਰੀ ਜਨਤਕ ਸਿਹਤ ਅਥਾਰਟੀਆਂ* ਨੂੰ ਵੀ ਕੀਤੀ ਜਾਂਦੀ ਹੈ। ਜਿਸ ਕਿਸਮ ਦੀ ਜਾਣਕਾਰੀ ਦੀ ਜਨਤਕ ਸਿਹਤ ਨੂੰ ਰਿਪੋਰਟ ਕੀਤੀ ਜਾਂਦੀ ਹੈ, ਅਤੇ ਸ਼ਾਇਦ ਕਿਸੇ ਡੈਟਾਬੇਸ ਵਿੱਚ ਸਟੋਰ ਕੀਤੀ ਜਾਂਦੀ ਹੈ, ਉਹ ਕਿਸੇ ਸੂਬੇ ਜਾਂ ਖਿੱਤੇ ਵਿਚਲੇ ਕਨੂੰਨ ਅਤੇ ਪ੍ਰਥਾ ’ਤੇ ਨਿਰਭਰ ਕਰਦੀ ਹੈ। ਓਨਟੈਰੀਓ ਵਿੱਚ, ਉਦਾਹਰਨ ਲਈ, ਜੇ ਤੁਸੀਂ ਕੋਈ *ਨਾਮ-ਯੁਕਤ (Nominal)* ਟੈਸਟ ਕਰਵਾਉਂਦੇ ਹੋ, ਤਾਂ ਟੈਸਟ ਕਰਨ ਵਾਲੀ ਪ੍ਰਯੋਗਸ਼ਾਲਾ ਤੁਹਾਡੀ HIV-ਪਾਜੇਟਿਵ ਅਵਸਥਾ, ਤੁਹਾਡੇ ਨਾਮ, ਜਨਮ ਤਾਰੀਖ਼, ਲਿੰਗ, ਅਤੇ ਸੰਪਰਕ ਜਾਣਕਾਰੀ ਦੀ ਰਿਪੋਰਟ ਜਨਤਕ ਸਿਹਤ ਨੂੰ ਕਰੇਗੀ। ਜੇ ਤੁਸੀਂ ਇੱਕ *ਬੇਨਾਮੀ HIV ਟੈਸਟ (anonymous HIV test)* ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਕੇਵਲ ਤੁਹਾਡੇ ਟੈਸਟ ਦੇ ਨਤੀਜੇ ਅਤੇ ਪਛਾਣ ਨਾ ਦੱਸਣ ਵਾਲੀ ਜਾਣਕਾਰੀ ਦੀ ਰਿਪੋਰਟ ਜਨਤਕ ਸਿਹਤ ਨੂੰ ਕੀਤੀ ਜਾਵੇਗੀ ਅਤੇ ਤੁਹਾਡੇ ਬਿਨਾਂ ਕਿਸੇ ਹੋਰ ਨੂੰ ਪਤਾ ਨਹੀਂ ਹੋਵੇਗਾ ਕਿ ਤੁਸੀਂ ਇੱਕ HIV ਟੈਸਟ ਕਰਵਾਇਆ ਸੀ। (ਪਰ, ਇੱਕ ਵਾਰ ਜਦ ਤੁਸੀਂ HIV ਵਾਸਤੇ ਡਾਕਟਰੀ ਸੰਭਾਲ ਦੀ ਮੰਗ ਕਰਦੇ ਹੋ, ਤਾਂ ਤੁਹਾਡੇ ਨਾਮ ਦੀ ਰਿਪੋਰਟ ਜਨਤਕ ਸਿਹਤ ਨੂੰ ਕੀਤੀ ਜਾਵੇਗੀ)। ਬਦਕਿਸਮਤੀ ਨਾਲ, ਬੇਨਾਮੀ ਟੈਸਟ ਕਰਨਾ ਸਾਰੇ ਦੇਸ਼ ਵਿੱਚ ਉਪਲਬਧ ਨਹੀਂ ਹੈ। ਬੇਨਾਮੀ ਟੈਸਟਿੰਗ ਤੋਂ ਰਹਿਤ ਅਧਿਕਾਰ-ਖੇਤਰਾਂ ਵਿੱਚ, ਤੁਸੀਂ ਇੱਕ *ਗੈਰ-ਨਾਮਯੁਕਤ ਟੈਸਟ (non-nominal test),* ਕਰਵਾਉਣ ਦੇ ਯੋਗ ਹੋ ਸਕਦੇ ਹੋ, ਜਿੱਥੇ ਤੁਹਾਡੇ ਖ਼ੂਨ ਦੇ ਨਮੂਨੇ ਨੂੰ ਕਿਸੇ ਪ੍ਰਯੋਗਸ਼ਾਲਾ ਵਿੱਚ ਤੁਹਾਡੇ ਨਾਮ ਦੇ ਕੇਵਲ ਪਹਿਲੇ ਅੱਖਰਾਂ ਜਾਂ ਇੱਕ ਕੋਡ ਦੇ ਨਾਲ ਭੇਜਿਆ ਜਾਂਦਾ ਹੈ ਅਤੇ ਤੁਹਾਡੇ ਨਾਮ ਦੀ ਜਨਤਕ ਸਿਹਤ ਨੂੰ ਰਿਪੋਰਟ ਨਹੀਂ ਕੀਤੀ ਜਾਂਦੀ। ਤੁਹਾਡੇ ਕੋਲ ਉਪਲਬਧ ਚੋਣਾਂ ਬਾਰੇ ਜਾਣਨ ਲਈ, ਆਪਣੀ ਸਥਾਨਕ ਏਡਜ਼-ਸੇਵਾ ਸੰਸਥਾ ਜਾਂ ਜਨਤਕ ਸਿਹਤ ਵਿਭਾਗ ਨਾਲ ਸੰਪਰਕ ਕਰੋ।

ਅੰਤ ਵਿੱਚ, ਇਹ ਜਾਣਨਾ ਮਹੱਤਵਪੂਰਨ ਹੈ ਕਿ ਜਨਤਕ ਸਿਹਤ ਅਥਾਰਟੀਆਂ ਜਨਤਕ ਸਿਹਤ ਦੀ ਰੱਖਿਆ ਕਰਨ ਅਤੇ HIV ਸਮੇਤ ਲਾਗਾਂ (infections) ਦੇ ਫੈਲਣ ਨੂੰ ਰੋਕਣ ਲਈ ਜਿੰਮੇਵਾਰ ਹਨ। ਜੇ ਕਿਸੇ ਵਿਅਕਤੀ ਦੇ HIV ਟੈਸਟ ਦਾ ਨਤੀਜਾ ਪਾਜੇਟਿਵ ਆਉਂਦਾ ਹੈ, ਤਾਂ ਜਨਤਕ ਸਿਹਤ ਤੁਹਾਡੇ ਜਿਨਸੀ ਅਤੇ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਵਿੱਚ ਭਾਈਵਾਲਾਂ ਨੂੰ ਅਧਿਕਾਰਿਤ ਸੂਚਨਾ ਦੇਣ ਨੂੰ ਉਤਸ਼ਾਹਤ ਕਰੇਗੀ। ਇਸਨੂੰ ਸੰਪਰਕ-ਦਾ ਪਤਾ ਲਾਉਣ, ਭਾਈਵਾਲ (partner) ਨਾਲ ਸਲਾਹ-ਮਸ਼ਵਰਾ ਕਰਨ, ਜਾਂ ਭਾਈਵਾਲ ਨੂੰ ਅਧਿਸੂਚਨਾ ਦੇਣ ਵਜੋਂ ਜਾਣਿਆ ਜਾਂਦਾ ਹੈ। ਜਨਤਕ ਸਿਹਤ ਅਥਾਰਟੀਆਂ ਦੀਆਂ ਸ਼ਕਤੀਆਂ ਅਤੇ ਪ੍ਰਕਿਰਿਆਵਾਂ ਇੱਕ ਸੂਬੇ/ਖਿੱਤੇ ਤੋਂ ਦੂਜੇ ਤੱਕ ਬਦਲਦੀਆਂ ਰਹਿੰਦੀਆਂ ਹਨ।

### 9. ਇੱਕ ਵਾਰ ਜਦ ਮੇਰੇ ਟੈਸਟ ਦਾ ਨਤੀਜਾ ਪਾਜੇਟਿਵ ਆ ਜਾਂਦਾ ਹੈ ਤਾਂ ਮੇਰੀ HIV ਅਵਸਥਾ ਤੱਕ ਕਿਸਦੀ ਪਹੁੰਚ ਹੁੰਦੀ ਹੈ? ਮੇਰੇ ਨਤੀਜਿਆਂ ਨੂੰ ਕਿੱਥੇ ਰਿਕਾਰਡ ਕੀਤਾ ਜਾਂਦਾ ਹੈ?

ਤੁਹਾਡੇ ਟੈਸਟ ਦੇ ਨਤੀਜਿਆਂ ਅਤੇ ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਹੋਰ ਜਾਣਕਾਰੀ ਨੂੰ ਉਹਨਾਂ ਸਿਹਤ ਪੇਸ਼ੇਵਰਾਂ ਅਤੇ ਸੁਵਿਧਾਵਾਂ ਵੱਲੋਂ ਤਿਆਰ ਕੀਤੇ ਰਿਕਾਰਡਾਂ ਵਿੱਚ ਸ਼ਾਮਲ ਕੀਤਾ ਜਾਵੇਗਾ ਜਿੰਨ੍ਹਾਂ ਨੇ ਉਸ ਜਾਣਕਾਰੀ

ਨੂੰ ਇਕੱਤਰ ਕੀਤਾ ਹੈ (ਉਦਾਹਰਨ ਲਈ ਤੁਹਾਡਾ ਡਾਕਟਰ, ਜਾਂ ਤੁਹਾਡਾ ਦੰਦਾਂ ਦਾ ਡਾਕਟਰ, ਜੇ ਤੁਸੀਂ ਉਹਨਾਂ ਕੋਲ ਖੁਲਾਸਾ ਕਰਨ ਦੀ ਚੋਣ ਕਰਦੇ ਹੋ)। ਅੱਜਕੱਲ੍ਹ, ਸਿਹਤ ਪੇਸ਼ੇਵਰ ਆਮ ਤੌਰ ’ਤੇ ਇਲੈਕਟ੍ਰਾਨਿਕ ਤਰੀਕੇ ਨਾਲ ਜਾਣਕਾਰੀ ਨੂੰ ਸਟੋਰ ਕਰਦੇ ਹਨ।

ਸਿਹਤ-ਸੰਭਾਲ ਪ੍ਰਦਾਨਕਾਂ ਅਤੇ ਸੁਵਿਧਾਵਾਂ ਵੱਲੋਂ ਰੱਖੇ ਸਿਹਤ ਰਿਕਾਰਡਾਂ ਤੋਂ ਇਲਾਵਾ, ਤੁਹਾਡੀ HIV ਅਵਸਥਾ ਬਾਰੇ ਜਾਣਕਾਰੀ (ਉਦਾਹਰਨ ਲਈ ਪ੍ਰਯੋਗਸ਼ਾਲਾ ਦੇ ਨਤੀਜੇ ਜਾਂ HIV-ਸਬੰਧਿਤ ਤਜਵੀਜ਼ਾਂ) ਨੂੰ ਕੇਂਦਰੀਕਿਰਤ ਡੈਟਾਬੇਸਾਂ ਵਿੱਚ ਅਤੇ ਸਾਂਝੇ ਇਲੈਕਟ੍ਰਾਨਿਕ ਰਿਕਾਰਡਾਂ ਵਿੱਚ ਵੀ ਸ਼ਾਮਲ ਕੀਤਾ ਜਾ ਸਕਦਾ ਹੈ ਜਿੰਨ੍ਹਾਂ ਤੱਕ ਕਿਸੇ ਸੂਬੇ ਵਿਚਲੇ ਕਈ ਵਿਭਿੰਨ ਸਿਹਤ ਪੇਸ਼ੇਵਰਾਂ ਵੱਲੋਂ ਪਹੁੰਚ ਕੀਤੀ ਜਾ ਸਕਦੀ ਹੈ। ਇਲੈਕਟ੍ਰਾਨਿਕ ਹੈਲਥ ਰਿਕਾਰਡ (EHRs) ਅਤੇ ਕੇਂਦਰੀਕਿਰਤ ਡੈਟਾਬੇਸਾਂ ਦਾ ਸਾਰੀ ਕੈਨੇਡਾ ਵਿੱਚ ਵਿਕਾਸ ਕੀਤਾ ਜਾ ਰਿਹਾ ਹੈ ਤਾਂ ਜੋ ਮਰੀਜ਼ਾਂ ਦੀ ਸਿਹਤ ਜਾਣਕਾਰੀ ਨੂੰ ਸੰਚਿਤ ਕੀਤਾ ਜਾ ਸਕੇ। ਹਾਲਾਂਕਿ ਤੁਹਾਡੀ ਸੰਭਾਲ ਵਿੱਚ ਸ਼ਾਮਲ ਸਿਹਤ ਪੇਸ਼ੇਵਰਾਂ ਨੂੰ ਤੁਹਾਡੀ ਸਿਹਤ ਜਾਣਕਾਰੀ ਤੱਕ ਆਸਾਨੀ ਨਾਲ ਅਤੇ ਤੁਰੰਤ ਪਹੁੰਚ ਕਰਨ ਦੀ ਆਗਿਆ ਦੇਣ ਦੁਆਰਾ, ਅਜਿਹੇ ਰਿਕਾਰਡਾਂ ਨੂੰ ਸੰਭਾਲ ਵਿੱਚ ਸੁਧਾਰ ਕਰਨ ਵਾਲੇ ਰਿਕਾਰਡਾਂ ਵਜੋਂ ਦੇਖਿਆ ਜਾ ਸਕਦਾ ਹੈ, ਪਰ ਪਰਦੇਦਾਰੀ ਦੀ ਸੁਰੱਖਿਆ ਦੇ ਸਬੰਧ ਵਿੱਚ ਇਹ ਗੰਭੀਰ ਚੁਣੌਤੀਆਂ ਵੀ ਪੇਸ਼ ਕਰਦੇ ਹਨ। ਇਹ ਕਿਸੇ ਵਿਅਕਤੀ ਵਿਸ਼ੇਸ਼ ਦੀ ਇਹ ਕੰਟਰੋਲ ਕਰਨ ਦੀ ਯੋਗਤਾ ਨੂੰ ਗੁੰਝਲਦਾਰ ਬਣਾ ਦਿੰਦੇ ਹਨ ਕਿ ਕਿਹੜੀ ਜਾਣਕਾਰੀ ਤੱਕ ਅਤੇ ਕਿਸਦੇ ਦੁਆਰਾ ਪਹੁੰਚ ਕੀਤੀ ਜਾ ਸਕਦੀ ਹੈ, ਜਿਸ ਨਾਲ ਇਸ ਪਹੁੰਚ ਤੱਕ ਮਤਲਬ-ਭਰਪੂਰ ਤਰੀਕੇ ਨਾਲ ਸਹਿਮਤੀ ਦੇਣਾ ਅਤੇ ਇਹ ਗਰੰਟੀ ਪ੍ਰਾਪਤ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਕੇਵਲ *ਅਖਤਿਆਰ ਪ੍ਰਾਪਤ*ਸਿਹਤ-ਸੰਭਾਲ ਪੇਸ਼ੇਵਰ (ਦੂਜੇ ਸ਼ਬਦਾਂ ਵਿੱਚ, ਜੋ ਸਿੱਧੇ ਤੌਰ ’ਤੇ ਵਿਅਕਤੀ ਦੀ ਸੰਭਾਲ ਵਿੱਚ ਸ਼ਾਮਲ ਹੁੰਦੇ ਹਨ) ਹੀ ਸਬੰਧਿਤ ਜਾਣਕਾਰੀ ਨੂੰ ਦੇਖਣਗੇ। ਮੌਜੂਦਾ EHRs ਅਤੇ ਹੋਰ ਕੇਂਦਰੀਕਿਰਤ ਡੈਟਾਬੇਸਾਂ ਵਿੱਚ ਸ਼ਾਮਲ ਹਨ ਓਨਟੈਰੀਓ ਲੈਬੋਰੇਟਰੀਜ਼ ਇਨਫਰਮੇਸ਼ਨ ਸਿਸਟਮ (Ontario Laboratories Information System) , ਅਲਬਰਟਾ ਨੈੱਟਕੇਅਰ (Alberta Netcare) , ਬ੍ਰਿਟਿਸ਼ ਕੋਲੰਬੀਆ ਵਿੱਚ ਫਾਰਮਾਨੈੱਟ (PharmaNet), ਅਤੇ ਕਵੀਬੈੱਕ ਹੈਲਥ ਰਿਕਾਰਡ।

## 10. ਕੀ ਮੈਂ ਆਪਣੀ ਸਿਹਤ ਜਾਣਕਾਰੀ ਤੱਕ ਪਹੁੰਚ ਨੂੰ ਸੀਮਤ ਕਰ ਸਕਦਾ/ਦੀ ਹਾਂ ਜਦ ਇਸਨੂੰ ਕੇਂਦਰੀਕਿਰਤ ਡੈਟਾਬੇਸਾਂ ਜਾਂ EHRs ਵਿੱਚ ਸ਼ਾਮਲ ਕੀਤਾ ਜਾਂਦਾ ਹੈ?

ਹੋ ਸਕਦਾ ਹੈ ਤੁਹਾਡੇ ਕੋਲ ਤੁਹਾਡੀ ਜਾਣਕਾਰੀ ਨੂੰ ਕੇਂਦਰੀਕਿਰਤ ਡੈਟਾਬੇਸਾਂ ਜਾਂ EHRs ਵਿੱਚ ਸ਼ਾਮਲ ਕੀਤੇ ਜਾਣ ਤੋਂ ਇਨਕਾਰ ਕਰਨ ਦਾ ਅਧਿਕਾਰ ਨਾ ਹੋਵੇ। ਪਰ, ਕੁਝ ਮਾਮਲਿਆਂ ਵਿੱਚ ਤੁਸੀਂ ਆਪਣੀ ਜਾਣਕਾਰੀ ਤੱਕ ਪਹੁੰਚ ਨੂੰ ਸੀਮਤ ਕਰਨ ਜਾਂ ਇਸਨੂੰ ਛੁਪਾਉਣ ਦੇ ਯੋਗ ਹੋ ਸਕਦੇ ਹੋ। ਉਦਾਹਰਨ ਲਈ, ਕਿਸੇ ਫਾਰਮਾਸਿਸਟ ਨੂੰ ਆਪਣੇ ਰਿਕਾਰਡ ਵਿੱਚ ਇੱਕ ਵਿਸ਼ੇਸ਼-ਸ਼ਬਦ (keyword) ਸ਼ਾਮਲ ਕਰਨ ਲਈ ਕਹਿਣ ਦੁਆਰਾ, ਤੁਸੀਂ ਤਜਵੀਜ਼ਸ਼ੁਦਾ ਦਵਾਈ ਦੀ ਵਰਤੋਂ ਵਾਸਤੇ ਬ੍ਰਿਟਿਸ਼ ਕੋਲੰਬੀਆ ਦੇ ਡੈਟਾਬੇਸ, ਫਾਰਮਾਨੈੱਟ (PharmaNet) ਵਿੱਚ ਤੁਹਾਡੀ ਜਾਣਕਾਰੀ ਤੱਕ ਪਹੁੰਚ ਨੂੰ ਸੀਮਤ ਕਰ ਸਕਦੇ ਹੋ ਤਾਂ ਜੋ ਕੇਵਲ ਉਹੀ ਸਿਹਤ-ਸੰਭਾਲ ਪੇਸ਼ੇਵਰ ਪਹੁੰਚ ਕਰਨ ਦੇ

ਯੋਗ ਹੋਣ ਜੋ ਉਸ ਵਿਸ਼ੇਸ਼-ਸ਼ਬਦ ਨੂੰ ਜਾਣਦੇ ਹਨ। ਅਲਬਰਟਾ ਵਿੱਚ, ਕਿਸੇ ਭਾਗ ਲੈ ਰਹੇ ਸਿਹਤ ਸੇਵਾ ਪ੍ਰਦਾਨਕ ਨਾਲ ਸੰਪਰਕ ਕਰਨ ਦੁਆਰਾ, ਜੋ ਬੇਨਤੀ ਨੂੰ ਪੂਰੀ ਕਰਨ ਵਾਸਤੇ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਤੁਹਾਡੇ ਵੱਲੋਂ ਅਰਜ਼ੀ ਸੌਂਪ ਸਕਦਾ ਹੈ, ਤੁਸੀਂ ਨੈੱਟਕੇਅਰ ਵਿੱਚ ਸਟੋਰ ਕੀਤੀ ਸਿਹਤ ਜਾਣਕਾਰੀ ਨੂੰ ਛੁਪਾਉਣ ਦੇ ਯੋਗ ਹੋ ਸਕਦੇ ਹੋ।

ਤੁਹਾਡੀ HIV-ਪਾਜੇਟਿਵ ਅਵਸਥਾ ਨਾਲ ਸਬੰਧਿਤ ਜਾਣਕਾਰੀ ਦੀ ਰੱਖਿਆ ਕਰਨ ਬਾਰੇ ਵਧੇਰੇ ਜਾਣਕਾਰੀ ਵਾਸਤੇ, ਬ੍ਰਿਟਿਸ਼ ਕੋਲੰਬੀਆ ਦੀ ਸਿਵਲ ਲਿਬਰਟੀਜ਼ ਐਸੋਸੀਏਸ਼ਨ, ਜਾਂ HIV ਐਂਡ ਏਡਜ਼ ਲੀਗਲ ਕਲੀਨਿਕ ਓਨਟੈਰੀਓ (HALCO) ਨਾਲ ਸੰਪਰਕ ਕਰੋ। ਸੂਬੇ ਦੇ ਪਰਦੇਦਾਰੀ ਕਮਿਸ਼ਨਰ ਵੀ ਇਲੈਕਟਰਾਨਿਕ ਰਿਕਾਰਡਾਂ ਅਤੇ ਡੈਟਾਬੇਸਾਂ ਵਿੱਚ ਸਿਹਤ ਜਾਣਕਾਰੀ ਦੀ ਰੱਖਿਆ ਬਾਰੇ ਤੁਹਾਨੂੰ ਜਾਣਕਾਰੀ ਪ੍ਰਦਾਨ ਕਰਨ ਦੇ ਯੋਗ ਹੋਣਗੇ। ਅੰਤ ਵਿੱਚ, ਕਈ ਸਿਹਤ-ਸੰਭਾਲ ਸੁਵਿਧਾਵਾਂ ਨੇ ਪਰਦੇਦਾਰੀ ਦੀ ਰੱਖਿਆ ਕਰਨ ਵਾਸਤੇ, ਅਤੇ ਪਰਦੇਦਾਰੀ ਸਬੰਧੀ ਮਾਮਲਿਆਂ ਲਈ ਅਮਲੇ ਦੇ ਮੈਂਬਰਾਂ ਨੂੰ ਜਿੰਮੇਵਾਰ ਬਣਾਉਣ ਵਾਸਤੇ ਨੀਤੀਆਂ ਸਥਾਪਤ ਕੀਤੀਆਂ ਹੋਈਆਂ ਹਨ। ਇਹ ਵਿਅਕਤੀ ਵਿਸ਼ੇਸ਼ ਤੁਹਾਨੂੰ ਇਹ ਦੱਸਣ ਦੇ ਯੋਗ ਹੋਣੇ ਚਾਹੀਦੇ ਹਨ ਕਿ ਸਾਂਝੇ ਸਿਹਤ ਰਿਕਾਰਡਾਂ ਅਤੇ ਡੈਟਾਬੇਸਾਂ ਵਿੱਚ ਸ਼ਾਮਲ ਕੀਤੀ ਤੁਹਾਡੀ ਸਿਹਤ ਜਾਣਕਾਰੀ ਤੱਕ ਪਹੁੰਚ ਨੂੰ ਕਿਵੇਂ ਸੀਮਤ ਕਰਨਾ ਹੈ, ਜੇਕਰ ਤੁਸੀਂ ਅਜਿਹਾ ਕਰਨ ਦੀ ਇੱਛਾ ਕਰਦੇ ਹੋ।

## 11. ਜੇ ਕੋਈ ਸਿਹਤ ਪੇਸ਼ੇਵਰ ਮੇਰੀ ਪਰਦੇਦਾਰੀ ਦੀ ਉਲੰਘਣਾ ਕਰਦਾ ਹੈ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਕਿਸੇ ਸਿਹਤ ਪੇਸ਼ੇਵਰ ਦੁਆਰਾ ਤੁਹਾਡੀ ਪਰਦੇਦਾਰੀ ਦੀ ਉਲੰਘਣਾ ਕੀਤੀ ਗਈ ਹੈ, ਤਾਂ ਤੁਹਾਡੇ ਕੋਲ ਕਈ ਸਾਰੇ ਵਿਕਲਪ ਹਨ।

- ਪਹਿਲਾ, ਤੁਸੀਂ ਸਬੰਧਿਤ ਸਿਹਤ ਪੇਸ਼ੇਵਰ ਜਾਂ ਸੁਵਿਧਾ ਨਾਲ ਸਿੱਧੇ ਤੌਰ ’ਤੇ ਮਾਮਲੇ ਨੂੰ ਵਿਚਾਰਨਾ ਚਾਹ ਸਕਦੇ ਹੋ। ਸਿਹਤ ਸੁਵਿਧਾਵਾਂ, ਜਿਵੇਂ ਕਿ ਹਸਪਤਾਲਾਂ, ਕੋਲ ਆਮ ਤੌਰ ’ਤੇ ਅਮਲੇ ਦੇ ਮੈਂਬਰ ਹੁੰਦੇ ਹਨ ਜੋ ਪਰਦੇਦਾਰੀ ਦੇ ਮਾਮਲਿਆਂ ਲਈ ਜਿੰਮੇਵਾਰ ਹੁੰਦੇ ਹਨ।
- ਤੁਸੀਂ ਕਿਸੇ ਪਰਦੇਦਾਰੀ ਕਮਿਸ਼ਨਰ ਕੋਲ ਸ਼ਿਕਾਇਤ ਵੀ ਦਾਇਰ ਕਰ ਸਕਦੇ ਹੋ। ਕਮਿਸ਼ਨਰਾਂ (ਜਾਂ ਲੋਕਪਾਲਾਂ) ਕੋਲ ਆਮ ਤੌਰ ’ਤੇ ਜਾਂਚ ਕਰਨ ਅਤੇ ਸ਼ਿਕਾਇਤਾਂ ਬਾਰੇ ਫੈਸਲੇ ਦੇਣ ਦੀ ਸ਼ਕਤੀ ਹੁੰਦੀ ਹੈ। ਇਸ ਗੱਲੋਂ ਸੁਚੇਤ ਰਹੋ ਕਿ ਸ਼ਿਕਾਇਤ ਦਾਇਰ ਕਰਨ ਦੀ ਕੋਈ ਅੰਤਿਮ ਸਮਾਂ-ਸੀਮਾ ਹੋ ਸਕਦੀ ਹੈ। ਜੇ ਤੁਸੀਂ ਪ੍ਰਿੰਸ ਐਡਵਰਡ ਆਈਲੈਂਡ, ਨੂਨਾਵੁਟ, ਨਾਰਥਵੈਸਟ ਟੈਰੀਟਰੀਜ਼ ਜਾਂ ਯੁਕੋਨ ਵਿਖੇ ਰਹਿੰਦੇ ਹੋ, ਅਤੇ ਤੁਸੀਂ ਨਿੱਜੀ ਪ੍ਰੈਕਟਿਸ ਕਰਦੇ ਕਿਸੇ ਡਾਕਟਰ ਜਾਂ ਕਿਸੇ ਹੋਰ ਨਿੱਜੀ ਸਿਹਤ ਪ੍ਰਦਾਨਕ (ਉਦਾਹਰਨ ਲਈ, ਕਿਸੇ ਜਨਤਕ ਹਸਪਤਾਲ ਵਰਗੀ ਜਨਤਕ ਸੰਸਥਾ ਦੀ ਬਜਾਏ)ਖਿਲਾਫ ਕੋਈ ਦਾਅਵਾ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ *ਪ੍ਰਾਈਵੇਸੀ ਕਮਿਸ਼ਨਰ ਆਫ ਕੈਨੇਡਾ ਦੇ ਦਫਤਰ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।*

ਕਿਸੇ ਵੀ ਦੂਸਰੇ ਮਾਮਲੇ ਵਿੱਚ, ਤੁਹਾਨੂੰ ਆਪਣੇ ਸੂਬੇ/ਖਿੱਤੇ ਦੇ ਪਰਦੇਦਾਰੀ ਕਮਿਸ਼ਨਰ (ਜਾਂ ਲੋਕਪਾਲ) ਨਾਲ ਸੰਪਰਕ ਕਰਨਾ ਚਾਹੀਦਾ ਹੈ।

- EHRs (ਜਾਂ ਕੇਂਦਰੀਕਿਰਤ ਡੈਟਾਬੇਸਾਂ) ਨਾਲ ਸਬੰਧਿਤ ਸ਼ਿਕਾਇਤਾਂ ਵਾਸਤੇ, ਹੋ ਸਕਦਾ ਹੈ ਕੋਈ ਵਿਸ਼ੇਸ਼ ਪ੍ਰਕਿਰਿਆ ਸਥਾਪਤ ਹੋਵੇ। ਉਦਾਹਰਨ ਲਈ, ਕਵੀਬੈੱਕ ਵਿੱਚ, ਕਵੀਬੈੱਕ ਹੈਲਥ ਰਿਕਾਰਡ ਬਾਰੇ ਸ਼ਿਕਾਇਤਾਂ ਨੂੰ ਕੇਂਦਰੀ ਤਾਲਮੇਲ ਡੈਟਾਬੇਸ ਦੇ ਇੰਚਾਰਜ਼ ਏਜੰਟ ਦੇ ਪਤੇ ’ਤੇ ਭੇਜਿਆ ਜਾ ਸਕਦਾ ਹੈ।

ਨੋਟ ਕਰੋ ਕਿ ਸੂਬੇ ਦੇ ਕਨੂੰਨ ਜੋ ਵਿਸ਼ੇਸ਼ ਤੌਰ ’ਤੇ ਸਿਹਤ ਜਾਣਕਾਰੀ ਦੀ ਰੱਖਿਆ ਕਰਦੇ ਹਨ, ਜਾਣਬੁੱਝ ਕੇ ਜਾਂ ਇੱਛਾ-ਪੂਰਵਕ ਵਿਧਾਨ ਤੋਂ ਉਲਟ ਜਾਕੇ ਸਿਹਤ ਜਾਣਕਾਰੀ ਇਕੱਤਰ ਕਰਨ, ਵਰਤਣ ਜਾਂ ਇਸਦੀ ਸਿਰਜਣਾ ਕਰਨ ਨੂੰ ਅਪਰਾਧ ਮੰਨਦੇ ਹਨ। ਹੋਰ ਅਪਰਾਧਾਂ ਅਤੇ ਨਾਲ ਜੁੜੇ ਦੰਡਾਂ ਨੂੰ ਹਰੇਕ ਕਨੂੰਨ ਦੇ ਤਹਿਤ, ਜਾਂ ਪਰਦੇਦਾਰੀ ਬਾਰੇ ਹੋਰ ਵਿਧਾਨ ਵਿੱਚ ਦੇਖਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਵਾਸਤੇ, ਤੁਹਾਨੂੰ ਆਪਣੇ ਸੂਬੇ/ਖਿੱਤੇ ਵਿੱਚ ਲਾਗੂ ਹੋਣ ਵਾਲੇ ਵਿਧਾਨ, ਜੇ ਕੋਈ ਹੈ, ਨੂੰ ਦੇਖਣਾ ਚਾਹੀਦਾ ਹੈ।

## 12. ਕੀ ਮੈਂ ਆਪਣੀ ਪਰਦੇਦਾਰੀ ਦੀ ਉਲੰਘਣਾ ਕਰਨ ਵਾਸਤੇ ਕਿਸੇ ਸਿਹਤ ਪੇਸ਼ੇਵਰ ਜਾਂ ਸਿਹਤ ਸੁਵਿਧਾ ’ਤੇ ਮੁਕੱਦਮਾ ਦਾਇਰ ਕਰ ਸਕਦਾ/ਦੀ ਹਾਂ?

ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੱਥੇ ਰਹਿੰਦੇ ਹੋ। ਚਾਰ ਸੂਬਿਆਂ (ਬ੍ਰਿਟਿਸ਼ ਕੋਲੰਬੀਆ, ਮਨੀਟੋਬਾ, ਸਸਕੈਚੇਵਾਨ, ਅਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ) ਕੋਲ ਵਿਸ਼ੇਸ਼ ਵਿਧਾਨ (ਇੱਕ ਪਰਦੇਦਾਰੀ ਕਨੂੰਨ) ਹੈ ਜੋ ਤੁਹਾਨੂੰ ਉਸ ਵਿਅਕਤੀ ’ਤੇ ਮੁਕੱਦਮਾ ਚਲਾਉਣ ਦੇ ਯੋਗ ਬਣਾਉਂਦਾ ਹੈ ਜਿਸਨੇ ਤੁਹਾਡੀ ਪਰਦੇਦਾਰੀ ਦੀ ਉਲੰਘਣਾ ਕੀਤੀ ਹੈ। ਇਹ ਵਿਧਾਨ ਇਸ ਗੱਲ ਦਾ ਸਬੂਤ ਲੋੜਦੇ ਹਨ ਕਿ ਉਸ ਵਿਅਕਤੀ ਨੇ ਤੁਹਾਡੇ ਪਰਦੇਦਾਰੀ ਦਾ ਉਲੰਘਣ ਕਰਨ ਵਿੱਚ (ਮਨੀਟੋਬਾ ਨੂੰ ਛੱਡਕੇ) ਜਾਣ-ਬੁੱਝ ਕੇ ਕਾਰਜ ਕੀਤਾ ਅਤੇ ਉਸ ਕੋਲ ਅਜਿਹਾ ਕਰਨ ਦਾ ਕੋਈ ਕਨੂੰਨੀ ਬਹਾਨਾ ਨਹੀਂ ਸੀ। ਸਫਲ ਹੋਣ ਵਾਸਤੇ ਤੁਹਾਨੂੰ ਇਹ ਸਾਬਤ ਕਰਨ ਦੀ ਲੋੜ ਨਹੀਂ ਹੋਵੇਗੀ ਕਿ ਪਰਦੇਦਾਰੀ ਦੀ ਉਲੰਘਣਾ ਦੇ ਨਤੀਜੇ ਵਜੋਂ ਤੁਹਾਨੂੰ ਨੁਕਸਾਨ ਹੋਇਆ। ਜੇ ਤੁਸੀਂ ਕੇਸ ਜਿੱਤ ਜਾਂਦੇ ਹੋ ਤਾਂ ਹੋ ਸਕਦਾ ਹੈ ਤੁਹਾਨੂੰ ਮਾਲੀ ਨੁਕਸਾਨਾਂ ਦਾ ਭੁਗਤਾਨ ਕੀਤਾ ਜਾਵੇ।

ਕਵੀਬੈੱਕ ਵਿੱਚ, ਤੁਸੀਂ ਕਵੀਬੈੱਕ *ਸਿਵਲ ਕੋਡ* ਅਤੇ ਕਵੀਬੈੱਕ *ਚਾਰਟਰ ਆਫ ਹਿਊਮਨ ਰਾਈਟਸ ਐਂਡ ਫ੍ਰੀਡਮਜ਼* ਦੇ ਆਧਾਰ ’ਤੇ ਤੁਹਾਡੀ ਪਰਦੇਦਾਰੀ ਦੀ ਉਲੰਘਣਾ ਦਾ ਦੋਸ਼ ਲਾਉਂਦੇ ਹੋਏ ਮੁਕੱਦਮਾ ਦਾਇਰ ਕਰਨ ਦੇ ਯੋਗ ਹੋ ਸਕਦੇ ਹੋ ਅਤੇ ਹਰਜਾਨਾ ਹਾਸਲ ਕਰ ਸਕਦੇ ਹੋ। ਜੇ ਤੁਸੀਂ ਕਿਸੇ ਹੋਰ ਸੂਬੇ ਜਾਂ ਖਿੱਤੇ ਵਿੱਚ ਰਹਿੰਦੇ ਹੋ, ਤਾਂ ਅਦਾਲਤ ਵਿੱਚ ਕੇਸ ਲੈਕੇ ਆਉਣਾ ਅਤੇ ਹਰਜਾਨਾ ਹਾਸਲ ਕਰਨਾ ਵਧੇਰੇ ਮੁਸ਼ਕਿਲ ਹੋਵੇਗਾ। ਇਸ ਖੇਤਰ ਵਿੱਚ ਕਨੂੰਨ ਅਜੇ ਵੀ ਅਨਿਸ਼ਚਿਤ ਹੈ ਅਤੇ ਉਪਜ ਰਿਹਾ ਹੈ।

ਅਦਾਲਤ ਵਿੱਚ ਜਾਣ ਦਾ ਮੁੱਖ ਫਾਇਦਾ ਇਹ ਹੈ ਕਿ ਜੇਕਰ ਤੁਹਾਡਾ ਕੇਸ ਸਫਲ ਰਹਿੰਦਾ ਹੈ ਤਾਂ ਹੋ ਸਕਦਾ ਹੈ ਤੁਹਾਨੂੰ ਵਿੱਤੀ ਹਰਜਾਨਾ ਪ੍ਰਾਪਤ ਹੋ ਜਾਵੇ (ਹਾਲਾਂਕਿ ਰਕਮ ਬਹੁਤ ਥੋੜ੍ਹੀ ਹੋ ਸਕਦੀ ਹੈ)। ਪਰ ਕਨੂੰਨੀ ਮੁਕੱਦਮੇ ਮਹਿੰਗੇ, ਗੁੰਝਲਦਾਰ ਅਤੇ ਲੰਬੇ ਹੋ ਸਕਦੇ ਹਨ, ਅਤੇ ਹੋ ਸਕਦਾ ਹੈ ਆਖਰਕਾਰ ਇਹ ਤੁਹਾਨੂੰ ਕੋਈ ਹੱਲ ਪ੍ਰਦਾਨ ਨਾ ਕਰਾ ਸਕਣ। ਇਸਤੋਂ ਇਲਾਵਾ, ਇਹ ਤੁਹਾਨੂੰ ਹੋਰ ਜ਼ਿਆਦਾ ਜਨਤਕ-ਪ੍ਰਚਾਰ ਦੇ ਵੱਸ ਪਾ ਸਕਦੇ ਹਨ। ਨੋਟ ਕਰੋ ਕਿ ਮਿਆਦ ਸੀਮਾਵਾਂ ਵੀ ਹੁੰਦੀਆਂ ਹਨ ਜੋ ਸੂਬਿਆਂ/ਖਿੱਤਿਆਂ ਵਿਚਕਾਰ ਬਦਲਦੀਆਂ ਰਹਿੰਦੀਆਂ ਹਨ, ਜੋ ਉਲੰਘਣਾ ਦੇ ਵਾਪਰਨ ਦੇ ਬਾਅਦ ਕਨੂੰਨ ਮੁਕੱਦਮਾ ਸ਼ੁਰੂ ਕਰਨ ਲਈ ਉਪਲਬਧ ਸਮੇਂ ਦੀ ਮਾਤਰਾ ਨੂੰ ਸੀਮਤ ਕਰਦੀਆਂ ਹਨ। ਅੰਤ ਵਿੱਚ, ਜੇ ਤੁਸੀਂ ਮੁਕੱਦਮਾ ਕਰਨ ਦਾ ਫੈਸਲਾ ਕਰ ਲਿਆ ਹੈ, ਤਾਂ ਕਿਸੇ ਵਕੀਲ ਦੁਆਰਾ ਤੁਹਾਡੀ ਪ੍ਰਤੀਨਿਧਤਾ ਕੀਤੀ ਜਾਣੀ ਚਾਹੀਦੀ ਹੈ। ਕੋਈ ਵਕੀਲ ਤੁਹਾਡੀਆਂ ਚੋਣਾਂ ਬਾਰੇ ਹੋਰ ਜਾਣਕਾਰੀ ਵੀ ਪ੍ਰਦਾਨ ਕਰਾ ਸਕਦਾ ਹੈ।

**ਵਧੇਰੇ ਜਾਣਕਾਰੀ ਵਾਸਤੇ**

ਬ੍ਰਿਟਿਸ਼ ਕੋਲੰਬੀਆ ਸਿਵਲ ਲਿਬਰਟੀਜ਼ ਐਸੋਸੀਏਸ਼ਨ, *Privacy Handbook* ਇਸ ਵਿੱਚ ਇਲੈਕਟਰਾਨਿਕ ਹੈਲਥ ਰਿਕਾਰਡਜ਼ (EHRs) ਅਤੇ ਕੈਨੇਡਾ ਵਿੱਚ ਇਹਨਾਂ ਦੇ ਵਿਕਾਸ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ। ਆਨਲਾਈਨ: http://bccla.org/privacy-handbook/

ਸੂਬਾਈ/ਖੇਤਰੀ ਸਰਕਾਰ ਦੀਆਂ ਵੈੱਬਸਾਈਟਾਂ ਉਹਨਾਂ ਕਨੂੰਨਾਂ ਬਾਰੇ ਜਾਣਕਾਰੀ, ਸਵਾਲ ਅਤੇ ਜਵਾਬ ਦਸਤਾਵੇਜ਼ ਅਤੇ ਬਰੌਸ਼ਰ ਪ੍ਰਦਾਨ ਕਰਾਉਂਦੀਆਂ ਹਨ ਜੋ ਸਿਹਤ ਜਾਣਕਾਰੀ ਦੀ ਰੱਖਿਆ ਕਰਦੇ ਹਨ। ਉਦਾਹਰਨ ਲਈ, ਦੇਖੋ, *Saskatchewan Health Information Protection Act* (http://www.health.gov.sk.ca/hipa), ਜਾਂ *Ontario Health Information Protection Act*(www.health.gov.on.ca> Legislation).

ਇਸ ਕਿਤਾਬਚੇ ਦੀ ਸਮੀਖਿਆ ਕਰਨ ਅਤੇ ਆਪਣੇ ਵਿਚਾਰ ਪ੍ਰਦਾਨ ਕਰਾਉਣ ਵਾਸਤੇ ਅਸੀਂ ਮਾਈਕਲ ਵੌਨ (BCCLA), ਲਿਜ਼ ਲਾਚਾਰਪੇਨ (COCQ-SIDA), ਰੀਨੀ ਲੈਂਗ (HALCO) ਮਾਊਡੇ ਪੈਰਾਸ (ਨਿੱਜੀ ਪ੍ਰੈਕਟਿਸ ਕਰਦੇ ਇੱਕ ਵਕੀਲ) ਦੇ ਅਹਿਸਾਨਮੰਦ ਹਾਂ।

**ਇਸ ਪ੍ਰਕਾਸ਼ਨਾ ਵਿਚਲੀ ਜਾਣਕਾਰੀ ਕਨੂੰਨ ਬਾਰੇ ਜਾਣਕਾਰੀ ਹੈ, ਪਰ ਇਹ ਕਨੂੰਨੀ ਸਲਾਹ ਨਹੀਂ ਹੈ। ਕਨੂੰਨੀ ਸਲਾਹ ਵਾਸਤੇ, ਕਿਰਪਾ ਕਰਕੇ ਆਪਣੇ ਖੇਤਰ ਵਿੱਚ ਕਿਸੇ ਵਕੀਲ ਨਾਲ ਸੰਪਰਕ ਕਰੋ।**

ਇਹ ਦਸਤਾਵੇਜ਼ ਕੈਨੇਡਾ ਵਿੱਚ HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਦੇ ਅਧਿਕਾਰਾਂ ਬਾਬਤ ਅੱਠ ਕਿਤਾਬਚਿਆਂ (ਅੰਗਰੇਜ਼ੀ ਅਤੇ ਫਰੈਂਚ ਵਿੱਚ) ਦੀ ਇੱਕ ਲੜੀ ਵਿੱਚ ਇੱਕ ਕਿਤਾਬਚੇ ਵਜੋਂ ਹੋਂਦ ਵਿੱਚ ਆਇਆ।

ਇਸ ਦਸਤਾਵੇਜ਼ ਦੀਆਂ ਕਾਪੀਆਂ Canadian HIV/AIDS Legal Network ਦੀ ਵੈੱਬਸਾਈਟwww.aidslaw.ca'ਤੇ ਉਪਲਬਧ ਹਨ। ਮੁੜ-ਪ੍ਰਕਾਸ਼ਨਾ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਕਾਪੀਆਂ ਨੂੰ ਵੇਚਿਆ ਨਹੀਂ ਜਾ ਸਕਦਾ, ਅਤੇ ਜਾਣਕਾਰੀ ਦੇ ਸਰੋਤ ਵਜੋਂ HIV/AIDS Legal Network ਦਾ

ਜ਼ਿਕਰ ਕਰਨਾ ਲਾਜ਼ਮੀ ਹੈ। ਅਗਲੇਰੀ ਜਾਣਕਾਰੀ ਵਾਸਤੇ, ਲੀਗਲ ਨੈੱਟਵਰਕ ਨੂੰinfo@aidslaw.ca'ਤੇ ਸੰਪਰਕ ਕਰੋ।

**ਇਸ ਦਸਤਾਵੇਜ਼ ਦੇ ਸ਼ੁਰੂਆਤੀ ਅੰਗਰੇਜ਼ੀ ਅਤੇ ਫਰੈਂਚ ਸੰਸਕਰਣਾਂ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਫ਼ੰਡ ਸਹਾਇਤਾ ਕੈਨੇਡਾ ਦੇ ਜਨਤਕ ਸੇਹਤ ਅਦਾਰੇ ਦੁਆਰਾ ਪ੍ਰਦਾਨ ਕੀਤੀ ਗਈ ਸੀ। ਇਸ ਅਨੁਵਾਦ ਵਾਸਤੇ ਫ਼ੰਡ ਸਹਾਇਤਾ ਓਨਟਾਰੀਓ ਮਿਨਿਸਟਰੀ ਆਫ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਸੀ। ਪ੍ਰਗਟਾਏ ਗਏ ਨਜ਼ਰੀਏ ਲੇਖਕਾਂ/ਖੋਜਕਾਰਾਂ ਦੇ ਹਨ ਅਤੇ ਜ਼ਰੂਰੀ ਨਹੀਂ ਕਿ ਇਹ ਫ਼ੰਡ ਦੇਣ ਵਾਲਿਆਂ ਦੇ ਦ੍ਰਿਸ਼ਟੀਕੋਣਾਂ ਜਾਂ ਨੀਤੀਆਂ ਦੀ ਝਲਕ ਦਿੰਦੇ ਹੋਣ।**

© Canadian HIV/AIDS Legal Network, 2013